**ਡਾਇਰੈਕਟੋਰੇਟ ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ, ਚੰਡੀਗੜ੍ਹ**

ਸੇਵਾ ਵਿਖੇ

ਪੰਜਾਬ ਸਰਕਾਰ ਵਲੋਂ ਮਾਨਤਾ ਪ੍ਰਾਪਤ ਸਾਰੀਆਂ
ਮੈਡੀਕਲ, ਡੈਂਟਲ, ਆਯੂਰਵੈਦਿਕ, ਹੋਮੋਪੈਥਿਕ, ਨਰਸਿੰਗ ਅਤੇ ਪੈਰਾ-ਮੈਡੀਕਲ
ਸੰਸਥਾਵਾਂ ਦੇ ਮੁੱਖੀ।

ਨੰ: 6ਐਮ.ਈ.3-ਪੰ:-12/ 20570-835
ਮਿਤੀ ਚੰਡੀਗੜ੍ਹ: 11.10.12

ਵਿਸ਼ਾ :-(1) ਸਕਾਲਰਸ਼ਿਪ ਫਾਰਮਾਂ ਸਾਲ 2011-12 ਵਿੱਚ ਪਾਈਆਂ ਕਮੀਆਂ ਦੂਰ ਕਰਨ ਲਈ ਅੰਤਿਮ ਮੌਕਾ। **ਅੰਤਿਮ ਮਿਤੀ ~~12.10.2012~~** 17-10-2012

(2) ਸਾਲ 2012-13 ਲਈ ਪੋਸਟ ਮੈਟ੍ਰਿਕ ਸਕਾਲਰਸ਼ਿਪ ਟੂ ਐਸ.ਸੀ./ਓ.ਬੀ.ਸੀ. ਸਟੂਡੰਟਸ ਸਕੀਮ ਅਧੀਨ ਫਾਰਮ ਪ੍ਰਾਪਤ ਕਰਨ ਦੀ **ਅੰਤਿਮ ਮਿਤੀ** 31.10.2012

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ।

1. ਪੋਸਟ ਮੈਟ੍ਰਿਕ ਸਕਾਲਰਸ਼ਿਪ ਟੂ ਐਸ.ਸੀ./ਓ.ਬੀ.ਸੀ. ਸਟੂਡੰਟਸ ਸਕੀਮ ਅਧੀਨ ਜਿਨ੍ਹਾਂ ਵਿਦਿਆਰਥੀਆਂ ਦੇ ਫਾਰਮਾਂ ਵਿੱਚ ਕਮੀਆਂ ਹਨ, ਉਹ ਲਿਸਟ ਵਿੱਚ ਦਰਸਾਈਆਂ ਗਈਆਂ ਹਨ ਇਸ ਤੋਂ ਇਲਾਵਾ ਲਿਸਟ ਵਿੱਚ ਜਿਹੜੇ ਵੀ ਕਾਲਮ ਖਾਲੀ ਹਨ, ਉਹ ਮੁਕੰਮਲ ਕਰਨ ਲਈ ਪਹਿਲਾਂ ਵੀ ਸੰਸਥਾਵਾਂ ਨੂੰ ਵਾਰ-ਵਾਰ ਲਿਖਿਆ ਗਿਆ ਹੈ ਅਤੇ ਹੁਣ ਇੱਕ ਹੋਰ ਅੰਤਿਮ ਮੌਕਾ ਦਿੱਤਾ ਜਾਂਦਾ ਹੈ। ਜਿਨ੍ਹਾਂ ਵਿਦਿਆਰਥੀਆਂ ਦੇ ਦਸਤਾਵੇਜ ਮਿਤੀ ~~12.10.2012~~ 17-10-12 ਤੱਕ ਮੁਕੰਮਲ ਨਹੀਂ ਹੋਣਗੇ, ਉਨ੍ਹਾਂ ਨੂੰ ਫਾਈਲ ਕਰ ਦਿੱਤਾ ਜਾਵੇਗਾ ਇਸ ਲਈ ਨਿਸਚਿਤ ਮਿਤੀ ਤੋਂ ਪਹਿਲਾਂ ਪਹਿਲਾਂ ਦਸਤਾਵੇਜ ਮੁਕੰਮਲ ਕਰਵਾਉਣ ਨੂੰ ਯਕੀਨੀ ਬਣਾਇਆ ਜਾਵੇ। ਇਸ ਸਬੰਧੀ ਸਾਰੀ ਜਿੰਮੇਵਾਰੀ ਸਬੰਧਤ ਸੰਸਥਾ/ਵਿਦਿਆਰਥੀ ਦੀ ਹੋਵੇਗੀ। **ਜਿਨ੍ਹਾਂ ਵਿਦਿਆਰਥੀਆਂ ਵਲੋਂ ਆਮਦਨ ਸਰਟੀਫਿਕੇਟ ਨਹੀਂ ਦਿੱਤੇ ਗਏ ਉਹ ਆਮਦਨ ਸਬੰਧੀ ਹਲਫੀਆ ਬਿਆਨ ਦੇ ਸਕਦੇ ਹਨ।** (ਲਿਸਟ ਵਿਭਾਗ ਦੀ ਵੈਬ-ਸਾਈਟ http://www.punjabmedicaleducation.org/ ਤੇ ਸਕਾਲਰਸ਼ਿਪ ਪੇਜ ਤੇ ਉਪਲਬਧ ਹੈ)

2. ਸਾਲ 2012-13 ਲਈ ਪੋਸਟ ਮੈਟ੍ਰਿਕ ਸਕਾਲਰਸ਼ਿਪ ਟੂ ਐਸ.ਸੀ./ਓ.ਬੀ.ਸੀ. ਸਟੂਡੰਟਸ ਸਕੀਮ ਅਧੀਨ ਸਕਾਲਰਸ਼ਿਪ ਫਾਰਮ ਪ੍ਰਾਪਤ ਕਰਨ ਦੀ ਅੰਤਿਮ ਮਿਤੀ 31.10.2012 ਨਿਸਚਿਤ ਕੀਤੀ ਜਾਂਦੀ ਹੈ। ਸਾਰੀਆ ਸਬੰਧਤ ਸੰਸਥਾਵਾਂ ਵਿਦਿਆਰਥੀਆਂ ਤੋਂ ਸਕਾਲਰਸ਼ਿਪ ਫਾਰਮ ਪ੍ਰਾਪਤ ਕਰਕੇ, ਚੈੱਕ ਕਰਕੇ ਨਿਯਮਾਂ ਅਧੀਨ ਯੋਗ ਵਿਦਿਆਰਥੀਆਂ ਦੀ ਲਿਸਟ (ਵਿਭਾਗ ਦੀ ਉਪਰੋਕਤ ਵੈਬ-ਸਾਈਟ ਤੇ ਉਪਲਬਧ ਐਕਸਲ ਪ੍ਰੋਫਾਰਮੇ Performa for sending information regarding Scholarship ਵਿੱਚ) ਤਿਆਰ ਕਰਕੇ, ਸਮੇਤ ਸੋਫਟ ਕਾਪੀ ਅਤੇ ਸੰਸਥਾ ਦੇ ਮੁੱਖੀ ਵਲੋਂ ਦਸਤਖਤ ਕੀਤੀ ਹਾਰਡ ਕਾਪੀ (ਦੋ ਪੜਤਾਂ ਵਿੱਚ) ਨਿਸਚਿਤ ਮਿਤੀ ਤੋਂ ਪਹਿਲਾਂ-ਪਹਿਲਾਂ ਦਸਤੀ ਰੂਪ ਵਿੱਚ ਸਬੰਧਤ ਡੀਲਿੰਗ ਸਹਾਇਕ ਕੋਲ ਪਹੁੰਚਾਉਣ। ਅਧੂਰੇ, ਨਿਸਚਿਤ ਮਿਤੀ ਤੋਂ ਬਾਅਦ ਪ੍ਰਾਪਤ ਅਤੇ ਵਿਦਿਆਰਥੀਆਂ ਵਲੋਂ ਸਿੱਧੇ ਪ੍ਰਾਪਤ ਹੋਏ ਫਾਰਮਾਂ ਤੇ ਵਿਚਾਰ ਨਹੀਂ ਕੀਤਾ ਜਾਵੇਗਾ। ਸੰਸਥਾਵਾਂ ਆਪਣਾ ਵੈਲਿਡ ਈ-ਮੇਲ ਆਈ.ਡੀ. ਭਰਨ ਨੂੰ ਯਕੀਨੀ ਬਣਾਉਣ।

**ਡਾਇਰੈਕਟਰ, ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ**